

# ਪੰਜਾਬ ਜੈਨ ਸਾਹਿਤ ਦੇ ਪਹਿਲੇ ਲੇਖਕ ਭਰਾ

# ਸ਼੍ਰੀ ਪੁਰਸ਼ੋਤਮ ਜੈਨ ਅਤੇ ਰਵਿੰਦਰ ਜੈਨ

# ਬਾਰੇ ਸੰਖੇਪ ਜਾਣਕਾਰੀ


– ਡਾ. ਧਰਮ ਸਿੰਘ

ਪ੍ਰੋਫੈਸਰ ਧਰਮ ਅਧਿਐਨ ਵਿਭਾਗ,

ਸਿੱਖ ਇਨਸਾਇਕਲੋਪੀਡੀਆ,

ਪੰਜਾਬੀ ਯੂਨੀਵਰਸਿਟੀ, ਪਟਿਆਲਾ।


**(Biography of Punjabi Jain Duo Writers Purshottam Jain & Ravinder Jain)**

ਸ਼੍ਰੀ ਪੁਰਸ਼ੋਤਮ ਜੈਨ ਅਤੇ ਸ਼੍ਰੀ ਰਵਿੰਦਰ ਜੈਨ ਨੂੰ ਮੈਂ ਪਿਛਲੇ 40 ਸਾਲਾਂ ਤੋਂ ਜਾਣਦਾ ਹਾਂ। ਜੈਨ ਸਾਹਿਤ ਦੀ ਕਿਸੇ ਪੁਸਤਕ ਵਿਚ ਇਨ੍ਹਾਂ ਦਾ ਲੇਖਕ-ਪਰਿਚੈ ਲਿਖਣ ਵਿਚ ਮੈਨੂੰ ਹਾਰਦਿਕ ਖੁਸ਼ੀ ਵੀ ਮਹਿਸੂਸ ਹੋ ਰਹੀ ਹੈ

ਅਤੇ ਇੱਕ ਝਿਜਕ ਵੀ। ਖੁਸ਼ੀ ਇਸ ਕਰਕੇ ਕਿ ਮੈਨੂੰ ਇਨ੍ਹਾਂ ਲੇਖਕਾਂ ਦੁਆਰਾ ਕੀਤੀ ਜੈਨ ਧਰਮ ਅਤੇ ਸਾਹਿਤ ਦੀ ਸੇਵਾ ਨੂੰ ਪੇਸ਼ ਕਰਨ ਅਤੇ ਉਸ ਦੀ ਦਾਦ ਦੇਣ ਦਾ ਅਵਸਰ ਮਿਲਿਆ ਹੈ। ਝਿਜਕ ਇਸ ਗੱਲ ਦੀ ਹੈ ਕਿ ਇਹ ਦੋਵੇਂ ਹੀ ਜੈਨ ਧਰਮ ਅਤੇ ਸਾਹਿਤ ਦੇ ਖੇਤਰ ਵਿਚ ਕਿਸੇ ਪਰਿਚੈ ਦੇ ਮੁਹਤਾਜ ਨਹੀਂ।

ਇਨ੍ਹਾਂ ਦੋਵਾਂ ਧਰਮ-ਭਰਾਵਾਂ ਨੇ ਰਲ ਕੇ ਪਿਛਲੇ 40 ਵਰ੍ਹਿਆਂ ਵਿਚ ਜਿੰਨੀ ਸੇਵਾ ਜੈਨ ਧਰਮ ਅਤੇ ਜੈਨ ਸਾਹਿਤ ਦੀ ਕੀਤੀ ਹੈ, ਹੋਰ ਕਿਸੇ ਵਿਅਕਤੀ ਨੇ ਸ਼ਾਇਦ ਹੀ ਕੀਤੀ ਹੋਵੇ। ਖਾਸ ਤੌਰ ਤੇ ਪੰਜਾਬੀ ਭਾਸ਼ਾ ਵਿਚ ਜੈਨ ਧਰਮ ਅਤੇ ਸਾਹਿਤ ਤੇ ਕੰਮ ਕਰਨ ਦਾ ਸਾਰਾ ਸ੍ਰੇਅ ਇਨ੍ਹਾਂ ਲੇਖਕਾਂ ਨੂੰ ਹੀ ਜਾਂਦਾ ਹੈ, ਹਾਲੇ ਤੀਕ ਹੋਰ ਕਿਸੇ ਲੇਖਕ ਨੇ ਜੈਨ ਧਰਮ ਜਾਂ ਸਾਹਿਤ ਬਾਰੇ ਪੰਜਾਬੀ ਵਿਚ ਕੋਈ ਵਰਨਣਯੋਗ ਕੰਮ ਨਹੀਂ ਕੀਤਾ। ਦੋ ਲੇਖਕਾਂ ਦਾ ਇਨਾ ਲੰਮਾ ਅਰਸਾ ਰਲ ਕੇ ਕੰਮ ਕਰਦੇ ਰਹਿਣਾ ਵੀ ਆਪਣੇ ਆਪ ਵਿਚ ਇਕ ਲਾ-ਜਵਾਬ ਮਿਸਾਲ ਹੈ। ਸ਼ਾਇਦ ਇਨ੍ਹਾਂ ਦੇ ਆਪਸੀ ਪਿਆਰ ਅ ਤੇ ਇੰਨੀ ਲੰਮੀ ਵਿਚਾਰ ਸਾਂਝ ਦੇ ਨਾਲ ਨਾਲ ਦੋਹਾਂ ਦਾ ਜੀਵਨ-ਉਦੇਸ਼ ਇਕ ਹੋਣ ਕਰਕੇ ਹੀ ਇਨ੍ਹਾਂ ਨੂੰ ਸਾਹਿਤਕ ਅਤੇ ਸਮਾਜਿਕ ਹਲਕਿਆਂ ਵਿਚ ‘ਹੰਸਾਂ ਦੀ ਜੋੜੀ’, ‘ਇੱਕ ਰੂਹ’, ‘ਇੱਕ ਪ੍ਰਾਣ ਦੋ ਸਰੀਰ’, ਆਦਿ ਵਿਸ਼ੇਸ਼ਣਾਂ ਨਾਲ ਜਾਣਿਆ ਜਾਂਦਾ ਹੈ।

ਸ੍ਰੀ ਪੁਰਸ਼ੋਤਮ ਜੈਨ ਦਾ ਜਨਮ ਜ਼ਿਲ੍ਹਾ ਸੰਗਰੂਰ ਦੇ ਨਗਰ ਧੂਰੀ ਵਿਖੇ 10 ਨਵੰਬਰ 1946 ਨੂੰ ਪਿਤਾ ਸ੍ਰੀ ਸਰੂਪ ਚੰਦ ਜੈਨ ਅਤੇ ਮਾਤਾ ਸ੍ਰੀਮਤੀ ਲਕਸ਼ਮੀ ਦੇਵੀ ਜੀ ਦੇ ਘਰ ਹੋਇਆ। ਧਰਮ-ਯੁਕਤ ਪਰਿਵਾਰਕ ਮਾਹੌਲ ਨੇ ਆਪ ਨੂੰ ਬਚਪਨ ਤੋਂ ਹੀ ਡੂੰਘੀ ਧਾਰਮਿਕ ਸੰਗਤ ਵਿਚ ਰੰਗ ਦਿੱਤਾ। ਮਾਂ-ਬਾਪ ਅਤੇ ਸਾਧੂ-ਸਾਧਵੀਆਂ ਦੇ ਉਪਦੇਸ਼ਾਂ ਅਤੇ ਸਿੱਖਿਆਵਾਂ ਨੇ

ਆਪ ਦੇ ਮਨ ਨੂੰ ਮਾਇਆ-ਮੁਕਤ ਹੋਣ ਤੋਂ ਬਚਾ ਕੇ ਭਗਵਾਨ ਮਹਾਵੀਰ ਅਤੇ ਜੈਨ ਧਰਮ ਦੀਆਂ ਸਿੱਖਿਆਵਾਂ ਵੱਲ ਆਕਰਸ਼ਿਤ ਕੀਤਾ। ਮੁੱਢ ਤੋਂ ਹੀ ਆਪ ਹਰ ਪ੍ਰਕਾਰ ਦੀ ਹਿੰਸਾ ਦੇ ਵਿਰੁੱਧ ਹਨ। ਇਸ ਤਰ੍ਹਾਂ ਕਈ ਸਾਧੂ-ਸਾਧਵੀਆਂ ਦੀ ਸੰਗਤ ਤੋਂ ਅਧਿਆਤਮਕ ਗਿਆਨ ਪ੍ਰਾਪਤ ਕਰਨ ਦੇ ਨਾਲ ਨਾਲ ਆਪ ਵਿਵਹਾਰਕ ਵਿੱਦਿਆ ਵੀ ਪ੍ਰਾਪਤ ਕਰਦੇ ਰਹੇ। ਆਪ ਨੇ ਪੰਜਾਬ ਯੂਨੀਵਰਸਿਟੀ ਤੋਂ 1968 ਵਿਚ ਬੀ.ਏ. ਦੀ ਡਿਗਰੀ ਪ੍ਰਾਪਤ ਕੀਤੀ। ਜੈਨ ਧਰਮ ਅਤੇ ਹੋਰ ਧਰਮਾਂ ਦੇ ਅਧਿਐਨ ਦੀ ਰੁਚੀ ਨੇ ਆਪ ਨੂੰ ਬੀ.ਏ. ਧਰਮ ਦਾ ਐਡੀਸ਼ਨਲ ਪਰਚਾ ਦੇਣ ਲਈ ਪ੍ਰੇਰਿਤ ਕੀਤਾ ਜਿਹੜਾ ਆਪ ਨੇ 1976 ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪਾਸ ਕੀਤੀ।

ਸ਼੍ਰੀ ਪੁਰਸ਼ੋਤਮ ਜੈਨ ਦਾ ਸ਼੍ਰੀ ਰਵਿੰਦਰ ਜੈਨ ਨਾਲ ਮੇਲ 31 ਮਾਰਚ 1969 ਨੂੰ ਮਾਲੇਰਕੋਟਲਾ ਵਿਖੇ ਹੋਇਆ ਜਿੱਥੇ ਆਪ ਨੌਕਰੀ ਕਰਦੇ ਸਨ ਅਤੇ ਜਿਹੜਾ ਸ਼੍ਰੀ ਰਵਿੰਦਰ ਜੈਨ ਦਾ ਜਨਮ ਸਥਾਨ ਸੀ। ਇਹ ਮੁਲਾਕਾਤ ਇੱਕ ਅਜਿਹੇ ਰਿਸ਼ਤੇ ਵਿਚ ਤਬਦੀਲ ਹੋ ਗਈ ਜਿਸ ਦੇ ਨਤੀਜੇ ਵਜੋਂ ਅੱਜ ਸਾਨੂੰ ਇਨ੍ਹਾਂ ਵੱਲੋਂ ਜੈਨ ਧਰਮ ਦੇ ਭਿੰਨ ਭਿੰਨ ਵਿਸ਼ਿਆਂ ਨਾਲ ਸਬੰਧਤ ਕੁੱਲ 40 ਤੋਂ ਵੀ ਵੱਧ ਪੁਸਤਕਾਂ ਮਿਲ ਚੁੱਕੀਆਂ ਹਨ। ਜਿਸ ਤਰ੍ਹਾਂ ਦਾ ਸਮਰਪਤ ਅਤੇ ਸਵਾਰਥ ਰਹਿਤ ਜੀਵਨ ਇਹ ਦੋਵੇਂ ਭਰਾ ਜੀਅ ਰਹੇ ਹਨ, ਉਸ ਤੋਂ ਆਸ ਰੱਖੀ ਜਾ ਸਕਦੀ ਹੈ ਕਿ ਇਹ ਜੈਨ ਧਰਮ ਅਤੇ ਸਾਹਿਤ ਦੀ ਨਿਗਰ ਸੇਵਾ ਕਰ ਸਕਣਗੇ।

ਸ਼੍ਰੀ ਰਵਿੰਦਰ ਜੈਨ ਦਾ ਜਨਮ 23 ਅਕਤੂਬਰ 1949 ਨੂੰ ਮਾਲੇਰਕੋਟਲਾ ਦੇ ਇਕ ਧਰਮ ਯੁਕਤ ਪਰਿਵਾਰ ਵਿਚ ਪਿਤਾ ਸ਼੍ਰੀ ਮੋਹਨ ਲਾਲ ਜੈਨ ਅਤੇ ਮਾਤਾ ਸ਼੍ਰੀਮਤੀ ਬਿਮਲਾ ਦੇਵੀ ਜੈਨ ਦੇ ਘਰ ਹੋਇਆ। ਸ਼੍ਰੀ ਰਵਿੰਦਰ ਜੈਨ ਨੇ ਆਪਣਾ ਬੀ.ਏ. ਦਾ ਇਮਤਿਹਾਨ 1972 ਵਿਚ ਪੰਜਾਬੀ

ਯੂਨੀਵਰਸਿਟੀ ਪਟਿਆਲਾ ਤੋਂ ਪਾਸ ਕੀਤਾ ਅਤੇ ਉਪਰੰਤ 1976 ਵਿਚ ਬੀ.ਏ. ਧਰਮ ਅਧਿਐਨ ਦਾ ਐਡੀਸ਼ਨਲ ਪਰਚਾ ਪਾਸ ਕੀਤਾ। ਇਸ ਵਿਵਹਾਰਕ ਵਿੱਦਿਆ ਦੇ ਨਾਲ ਨਾਲ ਆਪ ਸਦੈਵ ਅਧਿਆਤਮਕ ਪ੍ਰਾਪਤੀ ਵੱਲ ਵੀ ਰੁਚੀ ਰੱਖਦੇ ਰਹੇ ਅਤੇ ਕਈ ਜੈਨ ਸੰਤ-ਸਾਧਵੀਆਂ ਦੀ ਸੰਗਤ ਤੋਂ ਭਰਪੂਰ ਲਾਭ ਉਠਾਇਆ।

ਦੋਵੇਂ ਧਰਮ ਭਰਾ ਅਨੇਕ ਜੈਨ ਤੇ ਪੰਜਾਬੀ ਸੰਸਥਾਵਾਂ ਨਾਲ ਸਬੰਧਤ ਹਨ। ਦੋਵਾਂ ਨੂੰ ਪੰਜਾਬੀ ਜੈਨ ਸਾਹਿਤ ਦੀ ਪ੍ਰੇਰਣਾ, ਪ੍ਰਸਿੱਧ ਜੈਨ ਸਾਧਵੀ ਸ਼੍ਰੀ ਸਵਰਨ ਕਾਂਤਾ ਜੀ ਮਹਾਰਾਜ ਨੇ ਦਿੱਤੀ ਸੀ ਜੋ ਲਗਾਤਾਰ ਆਪਣੀ ਅਗਵਾਈ ਵਿਚ ਇਹ ਜੈਨ ਸਾਹਿਤ ਰਚਨਾ ਕਰਵਾਈ। ਆਪ ਮਹਾਨ ਵਿਦੁਸ਼ੀ ਸਾਧਵੀ ਸਨ। ਪੰਜਾਬੀ ਵਿਸ਼ਵ ਵਿਦਿਆਲੇ ਦੀ ਜੈਨ ਚੇਅਰ ਨੇ ਆਪ ਦਾ ਜਿਨ ਸ਼ਾਸਨ ਪ੍ਰਭਾਵਿਕਾ ਪਦ ਨਾਲ ਸਨਮਾਨ ਕੀਤਾ ਸੀ। ਆਪ ਪਹਿਲੀ ਜੈਨ ਸਾਧਵੀ ਸਨ ਜੋ ਆਚਾਰਿਆ ਆਤਮਾ ਰਾਜ ਭਾਸ਼ਨ ਮਾਲਾ ਲਈ ਬੁਲਾਏ ਗਏ ਸਨ।

ਭਾਰਤ ਦੇ ਉਸ ਸਮੇਂ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਜੀ ਨੇ ਰਾਸ਼ਟਰਪਤੀ ਭਵਨ ਵਿਖੇ ਹੋਏ ਇੱਕ ਸਮਾਰੋਹ ਦੌਰਾਨ ਆਪ ਦੋਵੇਂ ਜੈਨ ਭਰਾਵਾਂ ਦੀ ਪੁਸਤਕ 'ਪੁਰਾਤਨ ਪੰਜਾਬ ਵਿਚ ਜੈਨ ਧਰਮ' ਦਾ ਵਿਮੋਚਨ ਕੀਤਾ। ਇਸ ਸਮੇਂ ਦੋਵੇਂ ਲੇਖਕਾਂ ਨੂੰ ਰਾਸ਼ਰਪਤੀ ਵੱਲੋਂ 'ਸ਼੍ਰਮਣੋਪਾਸਕ' ਦੀ ਪਦਵੀ ਨਾਲ ਸੁਸ਼ੋਭਿਤ ਕੀਤਾ ਅਤੇ ਗ੍ਰੰਥ ਦੀ ਪ੍ਰੇਰਿਕਾ ਸਾਧਵੀ ਸ਼੍ਰੀ ਸਵਰਣਕਾਂਤਾ ਜੀ ਮਹਾਰਾਜ ਨੂੰ ਉਹਨਾਂ ਦੀ ਗੈਰ-ਹਾਜ਼ਰੀ ਵਿਚ 'ਜੈਨ ਜਯੋਤੀ' ਦੀ ਸ਼ਾਲ ਅਤੇ ਮਾਣ-ਪੱਤਰ ਭੇਂਟ ਕੀਤਾ।

ਸ਼੍ਰੀ ਪੁਰਸ਼ੋਤਮ ਜੈਨ ਅਤੇ ਸ਼੍ਰੀ ਰਵਿੰਦਰ ਜੈਨ ਦਾ ਸਮੁੱਚਾ ਜੀਵਨ ਧਰਮ ਹਿੱਤ ਸਮਰਪਿਤ ਹੈ। ਸਾਧਾਰਨ ਵਿਵਹਾਰਕ ਜੀਵਨ ਵਿਚ ਵਿਚਰਦਿਆਂ ਹੋਇਆਂ ਵੀ ਇਨ੍ਹਾਂ ਨੇ ਆਪਣੇ ਆਪ ਨੂੰ ਸੰਸਾਰ ਤੋਂ ਇਸ ਤਰ੍ਹਾਂ ਬਚਾ ਕੇ ਰੱਖਿਆ ਹੋਇਆ ਹੈ, ਜਿਵੇਂ ਕੰਵਲ ਦਾ ਫੁੱਲ ਚਿੱਕੜ ਤੋਂ ਲੈ ਕੇ ਵੀ ਆਪਣੇ ਆਪ ਨੂੰ ਉਸ ਤੋਂ ਉਪਰ ਰੱਖਦਾ ਹੈ, ਇਨ੍ਹਾਂ ਦਾ ਸੰਤ ਸੁਭਾਅ ਅਤੇ ਸਵਾਰਥ ਰਹਿਤ ਸਮਰਪਿਤ ਜੀਵਨ ਜੈਨ ਧਰਮ ਵਿਚ, ਖਾਸ ਕਰਕੇ ਅੱਜ ਦੇ ਭੌਤਿਕ ਯੁੱਗ ਵਿਚ, ਸਾਡੇ ਸਾਰਿਆਂ ਲਈ ਇੱਕ ਚਾਨਣ ਮੁਨਾਰਾ ਅਤੇ ਪ੍ਰੇਰਣਾ ਸਰੋਤ ਹੈ।